HELPWCH NI I'CH HELPU CHI | HELP US HELP YOU

GIG CYMRU NHS WALES

# ਸਹੀ ਦੇਖਭਾਲ ਪਾਓ, ਸਹੀ ਜਗ੍ਹਾ ਤੇ, ਪਹਿਲੀ ਵਾਰ ਵਿੱਚ

## ਕੀ ਤੁਹਾਨੂੰ ਪਤਾ ਸੀ:

ਦਵਾ ਖਾਨੇ 28 ਛੋਟੀਆਂ ਬਿਮਾਰੀਆਂ ਲਈ ਮੁਫ਼ਤ, ਗੁਪਤ ਸਲਾਹ ਅਤੇ ਜੇ ਲੋੜ ਹੋਵੇ ਤਾਂ ਇਲਾਜ ਦੀ ਪੇਸ਼ਕਸ਼ ਕਰਦੇ ਹਨ, ਜਿਸ ਵਿੱਚ ਚਿਕਨਪੌਕਸ, ਪਿਸ਼ਾਬ ਨਾਲੀ ਦਾ ਇਨਫੈਕਸ਼ਨ, ਗਲੇ ਵਿੱਚ ਖਰਾਸ਼ ਅਤੇ ਚਮੜੀ ਦੀਆਂ ਵੱਖ-ਵੱਖ ਬਿਮਾਰੀਆਂ ਸ਼ਾਮਲ ਹਨ।

ਆਪਣੇ ਸਥਾਨਕ ਦਵਾ ਵਿਕਰੇਤਾ ਨੂੰ **ਕੌਮਨ ਐਲਮੈਂਟ ਸਰਵਿਸ** ਬਾਰੇ ਪੁੱਛੋ।

**ਓਪਟੋਮੇਟਰਿਸਟ** ਯੋਗਤਾ ਪ੍ਰਾਪਤ ਸਿਹਤ ਸੰਭਾਲ ਪੇਸ਼ੇਵਰ ਹੁੰਦੇ ਹਨ ਜੋ ਅੱਖਾਂ ਦੀਆਂ ਸਿਹਤ ਸਮੱਸਿਆਵਾਂ ਦਾ ਨਿਦਾਨ ਅਤੇ ਇਲਾਜ ਕਰਦੇ ਹਨ।

ਤੁਹਾਡੇ ਸਥਾਨਕ ਓਪਟੋਮੇਟਰਿਸਟ ਅੱਖਾਂ ਦੀਆਂ ਸਿਹਤ ਸੰਬੰਧੀ ਕਈ ਤਰ੍ਹਾਂ ਦੀਆਂ ਸਥਿਤੀਆਂ ਦਾ ਇਲਾਜ ਕਰ ਸਕਦੇ ਹਨ, ਜਿਸ ਵਿੱਚ ਦਰਦ ਜਾਂ ਬੱਦਲਵਾਈ ਵਾਲੀਆਂ ਅੱਖਾਂ, ਫਲੋਟਰ, ਫਲੈਸ਼ਰ, ਅਤੇ ਅੱਖਾਂ ਦੀਆਂ ਹੋਰ ਕਈ ਸਿਹਤ ਸਮੱਸਿਆਵਾਂ ਸ਼ਾਮਲ ਹਨ। **ਅੱਖਾਂ ਦੀ ਸਿਹਤ ਦਾ ਇਲਾਜ ਮੁਫ਼ਤ ਹੈ।**

ਜੇਕਰ ਤੁਹਾਡੇ ਕੋਲ ਕੋਈ ਨਿਯਮਤ NHS ਵੇਲਜ਼ ਦਾ **ਡੈਂਟਿਸਟ** ਨਹੀਂ ਹੈ, ਤਾਂ ਤੁਸੀਂ **ਡੈਂਟਲ ਐਕਸੈਸ ਪੋਰਟਲ** ਤੇ ਇੱਕ ਲਈ ਰਜਿਸਟਰ ਕਰ ਸਕਦੇ ਹੋ। ਅਤੇ ਤੁਸੀਂ ਆਪਣੇ ਸਥਾਨਕ ਸਿਹਤ ਬੋਰਡ ਦੀ **ਦੰਦਾਂ ਦੀ ਹੈਲਪਲਾਈਨ** ਤੋਂ ਤੁਰੰਤ ਇਲਾਜ ਦੀ ਮੰਗ ਕਰ ਸਕਦੇ ਹੋ।

## ਵਧੇਰੇ ਜਾਣਕਾਰੀ ਲਈ, ਇੱਥੇ ਜਾਓ:

gov.wales/HelpUsHelpYou








OGL ©Crown copyright 2026, Welsh Government, WG54101